# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 24 ਜਨਵਰੀ 2026 ਦਿਨ ਸ਼ਨੀਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੰਜਾਬੀ ਸਾਹਿਤ ਜਗਤ ਦੀ ਨਾਮਵਰ ਸ਼ਖਸੀਅਤ ਪ੍ਰਿੰ. ਸੁਰਿੰਦਰਪਾਲ ਕੌਰ ਬਰਾੜ ਨਹੀਂ ਰਹੇ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ

ਐਬਸਫੋਰਡ, 24 ਜਨਵਰੀ : ਪੰਜਾਬੀ ਸਾਹਿਤ ਜਗਤ ਦੀ ਨਾਮਵਰ ਸ਼ਖਸੀਅਤ ਅਤੇ ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ) ਐਬਸਫੋਰਡ ਦੇ ਪ੍ਰਧਾਨ ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ ਚਲਾਣਾ ਕਰ ਗਏ ਹਨ। ਉਹਨਾਂ 22 ਜਨਵਰੀ ਦੀ ਸ਼ਾਮ ਨੂੰ ਐਬਸਫੋਰਡ ਦੇ ਹਸਪਤਾਲ ਵਿਖੇ ਆਖਰੀ ਸਾਹ ਲਏ। 81 ਸਾਲਾ ਪ੍ਰਿੰਸੀਪਲ ਬਰਾੜ ਨਮੋਨੀਆ ਦੀ ਸ਼ਿਕਾਇਤ ਕਾਰਨ ਪਿਛਲੇ ਕੁਝ ਦਿਨਾਂ ਤੋਂ ਹਸਪਤਾਲ ਵਿੱਚ ਇਲਾਜ ਅਧੀਨ ਸਨ। ਸਵਰਗਵਾਸੀ ਮਲਕੀਤ ਸਿੰਘ ਬਰਾੜ ਦੇ ਜੀਵਨ ਸਾਥਣ ਪ੍ਰਿੰ. ਸੁਰਿੰਦਰਪਾਲ ਕੌਰ ਆਪਣੇ ਪਿੱਛੇ ਦੋ ਧੀਆਂ ਅਤੇ ਇੱਕ ਪੁੱਤ ਤੋਂ ਇਲਾਵਾ ਭੈਣ ਭਰਾਵਾਂ ਸਮੇਤ, ਸਾਹਿਤਕਾਰਾਂ ਦਾ ਵੱਡਾ ਪਰਿਵਾਰ ਛੱਡ ਗਏ ਹਨ।






ਬੀਸੀ, ਕੈਨੇਡਾ ਵਿੱਚ ਸਾਹਿਤਕ ਸਰਗਰਮੀਆਂ ਵਿੱਚ ਸਿਰਮੌਰ ਸ਼ਖ਼ਸੀਅਤ ਪ੍ਰਿੰਸੀਪਲ ਬਰਾੜ ਪੰਜਾਬ ਤੋਂ ਮੋਗਾ ਸ਼ਹਿਰ ਨਾਲ ਸਬੰਧਤ ਸਨ ਅਤੇ ਪਿਛਲੇ ਲੰਬੇ ਸਮੇਂ ਤੋਂ ਐਬਸਫੋਰਡ ਬੀਸੀ ਵਿੱਚ ਰਹਿ ਰਹੇ ਸਨ। ਪੰਜਾਬੀ ਸਾਹਿਤ ਸਭਾ ਮੁੱਢਲੀ ਰਜਿ. ਦੇ ਕੋਆਰਡੀਨੇਟਰ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਪ੍ਰਿੰ. ਸੁਰਿੰਦਰਪਾਲ ਕੌਰ ਬਰਾੜ ਐਸ.ਡੀ. ਕਾਲਜ ਫਾਰ ਵੋਮੈਨ ਮੋਗਾ ਦੇ ਪ੍ਰਿੰਸੀਪਲ ਤੋਂ ਇਲਾਵਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੈਨੇਟ ਤੇ ਸਿੰਡੀਕੇਟ ਦੇ ਮੈਂਬਰ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੈਂਬਰ ਵੀ ਰਹਿ ਚੁੱਕੇ ਸਨ। ਉਹਨਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ 9 ਕਿਤਾਬਾਂ ਪਾਈਆਂ ਅਤੇ ਲਗਾਤਾਰ ਸਰਗਰਮ ਲੇਖਿਕਾ ਸਨ।

ਇੱਥੇ ਜ਼ਿਕਰਯੋਗ ਹੈ ਕਿ ਦਸੰਬਰ 2025 ਨੂੰ ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ ਦੀ ਪ੍ਰਧਾਨਗੀ ਹੇਠ ਐਬਸਫੋਰਡ ਵਿੱਚ ਪੰਜਾਬੀ ਸਾਹਿਤ ਸਭਾ ਦੀ ਵੱਡੀ ਸਾਹਿਤਕ ਇਕੱਤਰਤਾ ਹੋਈ ਸੀ, ਜਦ ਕਿ 'ਸਾਡਾ ਵਿਰਸਾ ਸਾਡਾ ਗੌਰਵ ਸੰਸਥਾ' ਵੱਲੋਂ ਪ੍ਰਿੰਸੀਪਲ ਬਰਾੜ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਸੀ।

ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ ਦੇ ਸਦੀਵੀ ਵਿਛੋੜੇ ਤੇ ਕੈਨੇਡਾ ਤੋਂ ਸਾਹਿਤਕਾਰ ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਜਸਵਿੰਦਰ ਗ਼ਜ਼ਲਗੋ, ਅੰਗਰੇਜ਼ ਬਰਾੜ, ਹਰਕੀਰਤ ਕੌਰ ਚਾਹਲ, ਦਵਿੰਦਰ ਸਿੰਘ ਪੂਨੀਆ, ਸੁਰਜੀਤ ਸਿੰਘ ਸਹੋਤਾ, ਮਹਿਮਾ ਸਿੰਘ ਤੂਰ, ਸਤਵੰਤ ਕੌਰ ਪੰਧੇਰ, ਜਸਵੀਰ ਸਿੰਘ ਪੰਨੂ, ਮੁਲਖ ਰਾਜ ਪ੍ਰੇਮੀ, ਗੁਰਪ੍ਰੀਤ ਸਿੰਘ ਚਾਹਲ ਪ੍ਰੇਮੀ, ਗੁਰਬਖਸ਼ ਸਿੰਘ ਢੱਟ, ਹਰਦਮ ਸਿੰਘ ਮਾਨ, ਡਾ. ਪ੍ਰਿਥੀਪਾਲ ਸਿੰਘ ਸੋਹੀ, ਹਰੀ ਸਿੰਘ ਤਾਤਲਾ, ਸੁਖਮੰਦਰ ਸਿੰਘ ਬਰਾੜ, ਪਰਵੇਜ਼ ਸੰਧੂ, ਪਵਨ ਗਿੱਲਾਂ ਵਾਲਾ, ਕੁਲਦੀਪ ਸਿੰਘ ਸੇਖੋਂ, ਅਮਰੀਕ ਸਿੰਘ ਪਲਾਹੀ, ਕਵਿੰਦਰ ਚਾਂਦ, ਪਲਵਿੰਦਰ ਸਿੰਘ ਰੰਧਾਵਾ, ਦਵਿੰਦਰ ਗੌਤਮ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਦਸ਼ਮੇਸ਼ ਗਿੱਲ ਫ਼ਿਰੋਜ਼, ਦਵਿੰਦਰ ਕੌਰ ਗਰਚਾ, ਹਰਿੰਦਰ ਕੌਰ ਸੋਹੀ, ਡਾ. ਗੁਰਬਾਜ ਬਰਾੜ, ਬਿੰਦੂ ਮਠਾੜੂ, ਪੰਜਾਬ ਤੋਂ ਲੇਖਕ ਗੁਰਮੀਤ ਕੜਿਆਲਵੀ, ਨਾਟਕਕਾਰ ਸਾਹਿਬ ਸਿੰਘ, ਮਨਜੀਤ ਇੰਦਰਾ, ਹਰਸ਼ਰਨ ਕੌਰ, ਤੇਜਾ ਸਿੰਘ ਤਿਲਕ, ਅਮਰ ਸੂਫੀ, ਲਖਵਿੰਦਰ ਸੰਧੂ, ਚਰਨਜੀਤ ਕੌਰ, ਇੰਗਲੈਂਡ ਤੋਂ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਡਾ ਪ੍ਰਗਟ ਸਿੰਘ ਭੁਰਜੀ, ਜਤਿੰਦਰ ਹਾਂਸ, ਤਰਲੋਚਨ ਲੋਚੀ ਅਤੇ ਜੰਗ ਬਹਾਦਰ ਸਿੰਘ ਕਮਲ ਸਮੇਤ ਵੱਖ ਵੱਖ ਸ਼ਖਸੀਅਤਾਂ ਨੇ ਸ਼ਰਧਾਜਲੀਆਂ ਭੇਟ ਕੀਤੀਆਂ ਹਨ।

## ਸੰਗੀਤਕ ਖ਼ੇਤਰ ਵਿੱਚ ਵਿਲੱਖਣ ਪਹਿਚਾਣ ਬਣਾਉਣ ਵਾਲ਼ੇ ਚਰਚਿਤ ਗੀਤਕਾਰ ਚਮਕੌਰ ਥਾਂਦੇਵਾਲਾ ਦਾ ਲਿਖਿਆ ਸਿੰਗਲ ਟਰੈਕ 'ਸ਼ਰਾਬ' ਡੀ.ਜੇ ਵਾਲਿਆ ਦੀ ਪਹਿਲੀ ਪਸੰਦ ਬਣੇਗਾ :- ਪ੍ਰਗਟ ਸਿੰਘ ਸੰਧੂ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ

ਸੰਗੀਤਕ ਖੇਤਰ ਆਪਣੀ ਮਿਹਨਤ ਸਦਕਾ , ਪੰਜਾਬੀ ਗੀਤਕਾਰੀ ਨਾਲ ਵਿਲੱਖਣ ਪਛਾਣ ਬਣਾਉਣ ਵਾਲੇ ਚਰਚਿਤ ਗੀਤਕਾਰ ਚਮਕੌਰ ਸਿੰਘ ਥਾਂਦੇਵਾਲ ਜੀ ਦਾ ਖੂਬਸੂਰਤ ਸ਼ਬਦਾਂ ਨਾਲ ਪਰੋਇਆਂ ਸਿੰਗਲ ਟਰੈਕ "ਸਰਾਬ" ਡੀ.ਜੇ ਵਾਲਿਆ ਦਾ ਪਹਿਲੀ ਪਸੰਦ ਬਣੇਗਾ। ਇਹ ਜਾਣਕਾਰੀ ਪਰਗਟ ਸਿੰਘ ਸੰਧੂ ਮਰਾੜ੍ਹ ਜੀ ਨੇ ਸੰਗੀਤਕ ਪੱਤਰਕਾਰ ਸ਼ਿਵਨਾਥ ਦਰਦੀ ਜੀ ਨਾਲ਼ ਗੱਲਬਾਤ ਕਰਦੇ ਸਮੇ ਦੱਸਿਆ ਕਿ ਗੀਤਕਾਰ ਚਮਕੌਰ ਥਾਂਦੇਵਾਲਾ ਜੀ ਦਾ ਲਿਖਿਆ ਨਵਾਂ ਸਿੰਗਲ ਟਰੈਕ ਪਿਛਲੇ ਦਿਨੀਂ ਰਲੀਜ਼ ਕਰ ਚੁੱਕੇ ਹਾਂ । ਜਿਸ ਨੂੰ ਹਰ ਵਰਗ ਤੋਂ ਰਜਵਾਂ ਪਿਆਰ ਮਿਲ ਰਿਹਾ ਹੈ ਤੇ ਕਾਫ਼ੀ ਚਰਚਾ ਵਿੱਚ ਚੱਲ ਰਿਹਾ ਹੈ। ਇਸ ਗ਼ੀਤ ਨੂੰ ਆਪਣੀ ਮਿੱਠੀ ਤੇ ਸੁਰੀਲੀ ਅਵਾਜ਼ ਨਾਲ਼ ਮਨਮੋਹਕ ਲਹਿਜੇ ਵਿੱਚ ਗਾਇਆ ਹੈ। ਪੰਜਾਬੀ ਲੋਕ ਗਾਇਕੀ ਖੂਬਸੂਰਤ ਭੱਲ ਸਥਾਪਿਤ ਕਰ ਚੁੱਕੇ ਲੋਕ ਗਾਇਕ ਜੱਸੀ ਘਾਰੂ ਜੀ ਨੇ। "ਸ਼ਰਾਬ" ਸਿੰਗਲ ਟਰੈਕ ਨੂੰ ਸੰਗੀਤਕ ਧੁੰਨਾ ਨਾਲ ਸ਼ਿੰਗਾਰਿਆ ਹੈ , ਪ੍ਰਸਿੱਧ ਸੰਗੀਤਕਾਰ ਪਰਵਿੰਦਰ ਪਿੰਦਾ ਜੀ ਨੇ। "ਡੀ ਪਿਕਸਲ ਸਟੂਡੀਓ" ਨੇ ਖੂਬਸੂਰਤ ਦਿਲ ਨੂੰ ਛੂਹ ਲੈਣ ਵਾਲਾ ਪੋਸਟਰ ਡਿਜਾਇਨ ਬਹੁਤ ਹੀ ਵਧੀਆ ਢੰਗ ਨਾਲ਼ ਤਿਆਰ ਕਰ , ਜਿਸ ਦੀ ਚਾਰੇ ਪਾਸੇ ਤਾਰੀਫ਼ ਹੋ ਰਹੀ ਹੈ। ਇਸ ਗ਼ੀਤ ਨੂੰ "ਜੱਸ ਸਟੂਡੀਓ" ਲੇਬਲ ਹੇਠ ਵੱਡੇ ਪੱਧਰ ਤੇ ਰਲੀਜ਼ ਕੀਤਾ ਜਾ ਚੁੱਕਾ ਹੈ ਤੇ ਹਰ ਵਰਗ ਤੋਂ ਮਣਾ ਮੂੰਹੀ ਪਿਆਰ ਮਿਲ ਰਿਹਾ ਹੈ । ਸਾਡੀ ਸਾਰੀ ਹੀ ਟੀਮ ਤੁਹਾਡਾ ਪਿਆਰ ਦੇਣ ਵਾਲਿਆਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ। ਬੱਸ ਤੁਸੀਂ ਏਸੇ ਤਰ੍ਹਾਂ ਹੀ ਪਿਆਰ ਬਖਸ਼ਦੇ ਰਹਿਣਾ, ਅਸੀਂ ਤੁਹਾਡੀ ਝੋਲ਼ੀ ਹੋਰ ਵੀ ਨਵੇਂ ਨਵੇਂ ਗੀਤਾਂ ਦੀ ਦਾਤ ਪਾਉਂਦੇ ਰਹੀਏ। ਅਖ਼ੀਰ ਵਿੱਚ ਗੱਲਬਾਤ ਕਰਦਿਆਂ ਪਰਗਟ ਸਿੰਘ ਸੰਧੂ ਮਰਾੜ੍ਹ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕਰਦਿਆਂ ਕਿਹਾ ਕਿ ਹੇ ਵਾਹਿਗੁਰੂ ਜੀ ਸਾਰੀ ਦੁਨੀਆਂ ਤੇ ਹਮੇਸ਼ਾਂ ਹੀ ਮੇਹਰ ਦੀ ਨਿਗ੍ਹਾ ਬਣਾਈ ਰੱਖਣਾ ਤੇ ਸਭ ਦੀ ਝੋਲ਼ੀ ਖੁਸ਼ੀਆਂ ਨਾਲ਼ ਭਰਦੇ ਰਹਿਣਾ।




## ਡਾ. ਰੰਧਾਵਾ ਦੀ ਨਸ਼ਾਖੋਰੀ ਬਾਰੇ ਪੁਸਤਕ 'ਚਿੱਟੇ ਲੀੜੇ ਜੰਗਲੀ ਹਿਰਦੇ* ਵਿਸ਼ਵ ਪੁਸਤਕ ਮੇਲੇ ਵਿੱਚ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼
ਡਾ. ਭਗਵੰਤ ਸਿੰਘ


ਸੰਗਰੂਰ 24 ਜਨਵਰੀ : ਨਸ਼ਾਖੋਰੀ ਨੇ ਪੰਜਾਬ ਦੀ ਜਵਾਨੀ ਨੂੰ ਖਾ ਲਿਆ ਹੈ। ਨਸ਼ਿਆਂ ਨੂੰ ਰੋਕਣ ਲਈ ਕਈ ਬਹੁਤ ਉਪਰਾਲੇ ਕੀਤੇ ਜਾ ਰਹੇ ਹਨ। ਡਾ. ਰਘਬੀਰ ਸਿੰਘ ਰੰਧਾਵਾ ਨਸ਼ਿਆਂ ਦੇ ਵਿਰੁੱਧ ਚੇਤਨਾ ਪੈਦਾ ਕਰਨ ਲਈ ਨਿਰੰਤਰ ਕਾਰਜਸ਼ੀਲ ਹਨ। ਉਨ੍ਹਾ ਨੇ ਨਸ਼ਿਆਂ ਤੋਂ ਬਚਣ ਲਈ 'ਚਿੱਟੇ ਲੀੜੇ ਜੰਗਲੀ ਹਿਰਦੇ* ਪੁਸਤਕ ਬਹੁਤ ਦਲੀਲਾਂ ਸਾਹਿਤ ਤਿਆਰ ਕੀਤੀ ਹੈ। ਇਹ ਪੁਸਤਕ ਉਨ੍ਹਾਂ ਦੀ ਸਵੈਜੀਵਨੀ "ਜਦੋਂ ਅਸੀਂ ਮੁੰਡੇ ਸਾਂ" ਦਾ ਅਗਲਾ ਭਾਗ ਹੈ। ਇਸ ਪੁਸਤਕ ਵਿੱਚ ਮੈਡੀਕਲ ਕਾਲਜਾਂ ਦੇ ਵਿਦਿਆਰਥੀਆਂ, ਨੌਜਵਾਨਾਂ ਵਿੱਚ ਨਸ਼ਿਆਂ ਦੀ ਲਤ ਲੱਗਣ ਦੇ ਕਾਰਣ ਅਤੇ ਉਨ੍ਹਾਂ ਤੋਂ ਬਚਣ ਦੇ ਤਰੀਕਿਆਂ ਨੂੰ ਦਰਸਾਇਆ ਗਿਆ ਹੈ। ਲੇਖਕ ਮੰਚ ਭਾਰਤ ਮੰਡਪ ਵਿੱਚ ਲੇਖਕਾਂ ਅਤੇ ਸਿਹਤ ਚਕਿਤਸਕਾ ਦੀ ਭਰਵੀਂ ਹਾਜਰੀ ਵਿੱਚ ਸਨਮਾਨਤ ਮਹਿਮਾਨਾਂ ਡਾ. ਬਿਮਿਤ ਕੁਮਾਰ ਜੈਨ, ਡਾ. ਬ੍ਰਿਜਕਿਸ਼ੋਰ, ਡਾ. ਨੀਨਾ ਜੈਨ, ਡਾ. ਨੰਦਿਤਾ ਜੈਨ, ਡਾ. ਸੁਭਾਸ਼ ਚੰਦਰ ਬਜਾਜ, ਡਾ. ਪ੍ਰਦੀਪ ਕਵਾਤੜਾ ਡਾ. ਵਿਵੇਕ ਬੱਗਾ ਨੇ ਰਲਕੇ ਲੋਕ ਅਰਪਨ ਕੀਤਾ। ਇਸ ਅਵਸਰ ਤੇ ਡਾ. ਰਘਬੀਰ ਸਿੰਘ ਰੰਧਾਵਾ ਨੇ ਕਿਹਾ ਕਿ ਇਹ ਪੁਸਤਕ ਮੇਰੇ ਜੀਵਨ ਦੇ ਅਨੇਕਾਂ ਪੱਖਾਂ ਨੂੰ ਉਭਾਰਨ ਦੇ ਨਾਲ ਅਜੋਕੇ ਦੌਰ ਵਿੱਚ ਨੌਜਵਾਨਾਂ ਲਈ ਮਾਰਗ ਦਰਸ਼ਨ ਦਾ ਕੰਮ ਕਰੇਗੀ। ਇਸ ਮੌਕੇ ਡਾ. ਤੇਜਵੰਤ ਮਾਨ ਸਾਹਿਤਰਤਨ, ਡਾ. ਸਵਰਾਜ ਸਿੰਘ ਵਿਸ਼ਵਚਿੰਤਕ, ਡਾ. ਈਸ਼ਵਰ ਦਾਸ ਸਿੰਘ ਮਹਾਂਮਡਲੇਸ਼ਵਰ, ਡਾ. ਭਗਵੰਤ ਸਿੰਘ, ਜਗਦੀਪ ਸਿੰਘ, ਗੁਰਨਾਮ ਸਿੰਘ, ਡਾ. ਨਰਵਿੰਦਰ ਸਿੰਘ ਕੌਸ਼ਲ, ਨਿਹਾਲ ਸਿੰਘ ਮਾਨ, ਦਰਬਾਰਾ ਸਿੰਘ ਢੀਂਡਸਾ, ਡਾ. ਤੇਜਾ ਸਿੰਘ ਤਿਲਕ, ਡਾ. ਮੇਘਾ ਸਿੰਘ ਆਦਿ ਅਨੇਕਾਂ ਸਾਹਿਤਕਾਰਾਂ ਨੇ ਡਾ. ਰੰਧਾਵਾ ਨੂੰ ਮੁਬਾਰਕਬਾਦ ਦਿੱਤੀ। ਪ੍ਰੈਸ ਨੋਟ ਜਾਰੀ ਕਰਦੇ ਹੋਏ ਡਾ. ਭਗਵੰਤ ਸਿੰਘ ਨੇ ਹੋਰ ਦੱਸਿਆ ਕਿ ਪੰਜਾਬੀ ਸਾਹਿਤ ਸਭਾ ਸੰਗਰੂਰ ਅਤੇ ਮਾਲਵਾ ਰਿਸਰਚ ਸੈਂਟਰ ਦੇ ਸਰਗਰਮ ਅਤੇ ਸਤਿਕਾਰਿਤ ਸਾਹਿਤਕਾਰ ਡਾ. ਰੰਧਾਵਾ ਨੇ ਬਤੌਰ ਸਿਵਲ ਸਰਜਨ ਸੇਵਾ ਮੁਕਤ ਹੋ ਕੇ ਸਾਹਿਤ ਸਿਰਜਣਾ ਦਾ ਕਾਰਜ ਆਰੰਭ ਕੀਤਾ ਹੈ। ਉਹ ਨਿਰੰਤਰ ਸਮਾਜਕ ਸੰਦਰਭਾ ਬਾਰੇ ਸਾਹਿਤ ਰਚ ਰਹੇ ਹਨ।




## ਗੀਤਕਾਰ ਮਹਿੰਦਰ ਸੂਦ ਵਿਰਕ ਵੱਲੋਂ ਲਿਖਿਆ ਧਾਰਮਿਕ ਗੀਤ "ਗੁਰਾਂ ਦੇ ਵੇਹੜੇ" ਜਲਦ ਹੋਵੇਗਾ ਰਿਲੀਜ਼

ਵਰਲਡ ਪੰਜਾਬੀ ਟਾਈਮਜ਼
ਅਸ਼ੋਕ ਸ਼ਰਮਾ

ਜਲੰਧਰ/ਵਿਰਕ 24 ਜਨਵਰੀ : ਪੰਜਾਬ ਦੇ ਪ੍ਰਸਿੱਧ ਲੇਖਕ ਅਤੇ ਗੀਤਕਾਰ ਮਹਿੰਦਰ ਸੂਦ ਵਿਰਕ ਵੱਲੋਂ ਲਿਖੇ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾਂ ਦੇ ਗੁਣਗਾਣ ਕਰਦੇ ਇੱਕ ਨਵੇਂ ਧਾਰਮਿਕ ਗੀਤ "ਗੁਰਾਂ ਦੇ ਵੇਹੜੇ" ਜਲਦ ਹੀ ਸੂਦ ਵਿਰਕ ਲਾਈਵ ਪ੍ਰੋਡਕਸ਼ਨ ਵੱਲੋਂ ਰਿਲੀਜ਼ ਕੀਤਾ ਜਾਵੇਗਾ। ਗੀਤਕਾਰ ਸੂਦ ਵਿਰਕ ਨੇ ਗੱਲਬਾਤ ਦੌਰਾਨ ਕਿਹਾ ਕਿ ਇਸ ਗੀਤ ਦੀ ਆਮਦ ਉਹਨਾਂ ਨੂੰ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਸਥਾਨ ਸੀਰ ਗੋਵਰਧਨਪੁਰ ਕਾਂਸ਼ੀ ਬਨਾਰਸ ਵਿਖੇ ਹੀ ਹੋਈ ਸੀ ਇਸ ਲਈ ਉਹਨਾਂ ਨੂੰ ਪੂਰੀ ਆਸ ਹੈ ਕਿ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਮੇਰੇ ਪਹਿਲੇ ਗੀਤਾਂ ਵਾਂਗ ਹੀ "ਗੁਰਾਂ ਦੇ ਵੇਹੜੇ" ਟਰੈਕ ਨੂੰ ਵੀ ਬਹੁਤ ਪਿਆਰ ਬਖਸ਼ਣਗੀਆਂ ਅਤੇ ਅੱਗੇ ਤੋਂ ਅੱਗੇ ਸ਼ੇਅਰ ਕਰਨਗੀਆਂ।




## ਲੰਘ ਗਿਆ ਸਾਰਾ ਮੇਲਾ, ਗੇਟਾਂ 'ਤੇ ਨਹੀਂ ਲੱਗਿਆ ਧੇਲਾ : ਢੋਸੀਵਾਲ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ

ਸ੍ਰੀ ਮੁਕਤਸਰ ਸਾਹਿਬ 24 ਜਨਵਰੀ : ਸਥਾਨਕ ਸ਼ਹਿਰ ਦੀਆਂ ਮੇਨ ਐਂਟਰੀ ਵਾਲੀਆਂ ਸੜਕਾਂ ਉਪਰ ਯਾਦਗਾਰੀ ਗੇਟ ਬਣਵਾਏ ਹੋਏ ਹਨ। ਇਹਨ੍ਹਾਂ ਵਿੱਚੋਂ ਸਫ਼ੈਦ ਰੰਗਵਾਲੇ ਗੇਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਤੇ ਲਾਲ ਰੰਗ ਵਾਲੇ ਗੇਟ ਪੰਜਾਬ ਸਰਕਾਰ ਵੱਲੋਂ ਬਣਵਾਏ ਗਏ ਹਨ। ਸ਼੍ਰੋਮਣੀ ਕਮੇਟੀ ਵੱਲੋਂ ਬਣਵਾਏ ਗਏ ਗੇਟਾਂ ਦੀ ਹਾਲਤ ਤਾਂ ਬਹੁਤ ਵਧੀਆ ਹੈ, ਪਰੰਤੂ ਲਾਲ ਰੰਗ ਵਾਲੇ ਸਾਰੇ ਸਰਕਾਰੀ ਗੇਟਾਂ ਦੀ ਹਾਲਤ ਬੇਹੱਦ ਖਸਤਾ ਅਤੇ ਪ੍ਰਸ਼ਾਸ਼ਨਿਕ ਲਾਪ੍ਰਵਾਹੀ ਅਤੇ ਅਣਦੇਖੀ ਦਾ ਜਿਊਂਦਾ ਜਾਗਦਾ ਸਬੂਤ ਹਨ। ਇਹਨਾਂ ਗੇਟਾਂ ਦੀ ਹਾਲਤ ਸੁਧਾਰਨ ਲਈ ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਨੇ ਇਹਨਾਂ ਗੇਟਾਂ ਦੀ ਹਾਲਤ ਸੁਧਾਰਨ ਲਈ ਕਈ ਵਾਰ ਜਿਲ੍ਹਾ ਪ੍ਰਸ਼ਾਸਨ ਨਾਲ ਮੁਲਾਕਾਤ ਕਰਕੇ ਲਿਖਤੀ ਬੇਨਤੀ ਕੀਤੀ ਸੀ। ਹੋਰ ਵੀ ਕਈ ਗੈਰ ਸਰਕਾਰੀ ਸਮਾਜ ਸੇਵੀ ਸੰਸਥਾਵਾਂ ਅਤੇ ਸੂਝਵਾਨ ਵਿਅਕਤੀਆਂ ਨੇ ਇਹ ਮਾਮਲਾ ਜਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ, ਪਰੰਤੂ ਕਿਧਰੇ ਕੋਈ ਸੁਣਵਾਈ ਨਹੀਂ ਹੋਈ। ਇਸ ਵਾਰ ਮੇਲੇ 'ਤੇ ਆਮ ਆਦਮੀ ਪਾਰਟੀ ਵੱਲੋਂ ਰਾਜਨੀਤਕ ਕਾਨਫਰੰਸ ਕੀਤੀ ਗਈ ਸੀ। ਇਸ ਕਾਨਫਰੰਸ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਕਈ ਹੋਰ ਮੰਤਰੀ ਅਤੇ ਪਾਰਟੀ ਦੇ ਅਹੁਦੇਦਾਰ ਸ਼ਾਮਲ ਹੋਏ ਸਨ। ਮੇਲੇ ਦੀ ਤਿਆਰੀ ਅਤੇ ਮੁੱਖ ਮੰਤਰੀ ਦੀ ਆਮਦ ਦੇ ਮੱਦੇ ਨਜ਼ਰ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੀ ਟੀਮ ਨੇ ਪੂਰੀ ਨਿਗਰਾਨੀ ਕੀਤੀ ਸੀ। ਮੇਲੇ ਤੋਂ ਪਹਿਲਾਂ ਅਤੇ ਮੁੱਖ ਮੰਤਰੀ ਦੀ ਫੇਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੁੱਚੇ ਸ਼ਹਿਰ ਨਿਵਾਸੀਆਂ ਨੂੰ ਕੋਟਕਪੂਰਾ ਰੋਡ ਸਥਿਤ ਯਾਦਗਾਰੀ ਗੇਟ, ਜਿਸ ਦੇ ਬਿਲਕੁਲ ਨਾਲ ਮੁੱਖ ਮੰਤਰੀ ਦੀ ਰੈਲੀ ਸੀ, ਸਮੇਤ ਸਾਰੇ ਗੇਟਾਂ ਦੀ ਹਾਲਤ ਸੁਧਾਰਨ ਦੀ ਆਸ ਜਾਗੀ ਸੀ। ਪਰੰਤੂ ਬਦਕਿਸਮਤੀ ਨਾਲ ਇਹਨਾਂ ਗੇਟਾਂ ਵਿੱਚ ਨਾ ਤਾਂ ਮੁੱਖ ਮੰਤਰੀ, ਨਾ ਹੀ ਕਿਸੇ ਹੋਰ ਮੰਤਰੀ ਜਾਂ ਸਿਵਲ ਪ੍ਰਸ਼ਾਸਨ ਦਾ ਧਿਆਨ ਗਿਆ ਅਤੇ ਇਹ ਸਰਕਾਰੀ ਯਾਦਗਾਰੀ ਗੇਟ ਅੱਜ ਤੱਕ ਆਪਣੀ ਦੁਰਦਸ਼ਾ 'ਤੇ ਹੰਝੂ ਵਹਾ ਰਹੇ ਹਨ। ਮਿਸ਼ਨ ਮੁੱਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਅੱਜ ਇੱਥੇ ਪ੍ਰੈਸ ਨੂੰ ਉਕਤ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਸਰਕਾਰੀ ਯਾਦਗਾਰੀ ਗੇਟਾਂ ਦੀ ਹਾਲਤ ਨਾ ਸੁਧਾਰੇ ਜਾਣਾ ਪ੍ਰਸ਼ਾਸ਼ਨਿਕ ਲਾਪ੍ਰਵਾਹੀ ਦਾ ਜਿਊਂਦਾ ਜਾਗਦਾ ਸਬੂਤ ਹਨ ਜਿਸ ਕਰਕੇ ਆਮ ਲੋਕਾਂ ਵਿੱਚ ਭਾਰੀ ਨਰਾਜ਼ਗੀ ਪਾਈ ਜਾ ਰਹੀ ਹੈ। ਪ੍ਰਧਾਨ ਢੋਸੀਵਾਲ ਨੇ ਜਿਲ੍ਹਾ ਪ੍ਰਸ਼ਾਸਨ ਅਤੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਐੱਮ.ਐੱਲ.ਏ. ਤੋਂ ਮੰਗ ਕੀਤੀ ਹੈ ਕਿ ਸ਼ਹਿਰ ਦੀਆਂ ਐਂਟਰੀ ਵਾਲੀਆਂ ਸਾਰੀਆਂ ਸੜਕਾਂ ਉਪਰ ਲਾਲ ਰੰਗ ਵਾਲੇ ਸਰਕਾਰੀ ਯਾਦਗਾਰੀ ਗੇਟਾਂ ਦੀ ਸਾਰ ਲਈ ਜਾਵੇ ਅਤੇ ਇਨ੍ਹਾਂ ਦੀ ਹਾਲਤ ਤੁਰੰਤ ਸੁਧਾਰੀ ਜਾਵੇ।



## ਚਾਂਦੀ ਰਾਮ ਜੀ ਦੀ ਬਰਸੀ ਪੰਜਾਬੀ ਭਵੱਨ ਲੁਧਿਆਣਾ ਵਿਖੇ ਮਨਾਈ।

### ਵਿਸ਼ਵ ਪ੍ਰਸਿੱਧ ਗਾਇਕਾ ਬੀਬੀ ਰਣਜੀਤ ਕੌਰ ਜੀ ਦਾ ਮਰਹੂਮ ਗਾਇਕਾ ਸ਼ਾਤੀ ਦੇਵੀ ਪੁਰਸਕਾਰ ਨਾਲ ਸਨਮਾਨ ਕੀਤਾ ਗਿਆ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 24 ਜਨਵਰੀ : ਪੰਜਾਬੀ ਸੰਗੀਤ ਜਗਤ ਦੇ ਬ੍ਰਹਿਮੰਡ ਵਿੱਚ ਧਰੂਵ ਤਾਰੇ ਵਾਂਗ ਅਮਿੱਟ ਸ਼ਾਨਦਾਰ ਗੌਰਵਮਈ ਹੋਂਦ ਸਥਾਪਤ ਕਰਨ ਵਾਲੇ ਮਹਾਨ ਧੰਨਤੰਤਰ ਗਾਇਕ ਅਤੇ ਗੀਤਕਾਰ ਸਤਿਕਾਰਯੋਗ ਮਰਹੂਮ ਸ਼੍ਰੀ ਚਾਂਦੀ ਰਾਮ ਚਾਂਦੀ ਜੀ ਦੀ ਬਰਸੀ , ਮਰਹੂਮ ਚਾਂਦੀ ਰਾਮ ਚਾਂਦੀ ਸਭਿਆਚਾਰਕ ਮੰਚ ਵਲੋ ਪ੍ਰਸਿੱਧ ਲੋਕ ਗਾਇਕ ਪਾਲ ਪੰਜਾਬੀ ਦੀ ਅਗਵਾਈ ਵਿੱਚ ਪੰਜਾਬੀ ਭਵੱਨ ਲੁਧਿਆਣਾ ਵਿਖੇ ਮਨਾਈ ਗਈ ਹੈ । ਇਸ ਸਮਾਗਮ ਵਿੱਚ ਪੰਜਾਬੀ ਸੰਗੀਤ ਉਦਯੋਗ ਦੀ ਸੀਨੀਅਰ ਸਿਰਮੌਰ ਵਿਸ਼ਵ ਪ੍ਰਸਿੱਧ ਫਿਲਮੀ ਗਾਇਕਾ ਸਤਿਕਾਰਯੋਗ ਸ਼੍ਰੀਮਤੀ ਰਣਜੀਤ ਕੌਰ ਜੀ ਨੂੰ ਮਰਹੂਮ ਗਾਇਕਾ ਸਤਿਕਾਰਯੋਗ ਸ਼ਾਤੀ ਦੇਵੀ ਪੁਰਸਕਾਰ ਨਾਲ ਸਤਿਕਾਰ ਸਹਿਤ ਨਿਵਾਜਿਆ ਗਿਆ ਹੈ । ਇਸ ਬਰਸੀ ਦਾ ਅਗਾਜ ਡਾ. ਗੁਲਜਾਰ ਸਿੰਘ ਪੰਧੇਰ ਜਨਰਲ ਸਕੱਤਰ ਪੰਜਾਬੀ ਸਾਹਿਤ ਐਕਡਮੀ ਲੁਧਿਆਣਾ ਨੇ ਆਪਣੇ ਸ਼ੁਭ ਕਰ ਕਮਲਾ ਨਾਲ ਕੀਤਾ ਹੈ । ਮੰਚ ਦੀ ਸ਼ੁਰੂਆਤ ਸੁਆਗਤੀ ਭਾਸ਼ਣ ਮੇਲੇ ਦੇ ਸਰਪ੍ਰਸਤ ਸ਼੍ਰੀ ਸੁਰਿੰਦਰ ਸੇਠੀ ਚੇਅਰਮੈਨ ਪੰਜਾਬੀ ਵਿਰਾਸਤ ਸਭਿਆਚਾਰ ਮੰਚ ਨੇ ਕੀਤਾ । ਇਸ ਸ਼ੁਭ ਅਵਸਰ ਤੇ ਸੰਗੀਤਕ ਮੰਚ ਦੀ ਆਰੰਭਤਾ ਉਸਤਾਦ ਮਰਹੂਮ ਸ਼੍ਰੀ ਚਾਂਦੀ ਰਾਮ ਚਾਂਦੀ ਦੇ ਸ਼ਗਿਰਦ ਗਾਇਕ ਮਿੱਠਾ ਸਿੰਘ ਨੇ ਮਾਣਮੱਤੀ ਸ਼ਰਧਾਂਜਲੀ ਦੇ ਕੇ ਕੀਤੀ ਹੈ । ਵਿਸ਼ਵ ਪ੍ਰਸਿੱਧ ਕਵਿੱਤਰੀ ਅਤੇ ਸਾਹਿਤਕਾਰ ਸਤਿਕਾਰਯੋਗ ਸ਼੍ਰੀਮਤੀ ਬਲਜੀਤ ਘੋਲੀਆ ਜੀ ਨੇ ਸ਼੍ਰੀ ਚਾਂਦੀ ਰਾਮ ਚਾਂਦੀ ਦੀ ਜੀਵਨੀ ਤੇ ਵਿਲਖਣ ਪਰਚਾ ਪੜ ਕੇ ਸਭ ਨੂੰ ਗਮਗੀਨ ਅਤੇ ਨਮ ਕਰ ਦਿੱਤਾ ਸੀ । ਇਸ ਸਮੇ ਵਿਸ਼ਵ ਪ੍ਰਸਿੱਧ ਲੋਕ ਗਾਇਕਾ ਬੀਬੀ ਰਣਜੀਤ ਕੌਰ ਜੀ ਨੇ ਕਿਹਾ ਮੈ ਇਸ ਹਰਮਨ ਪਿਆਰੀ ਦੋਗਾਣਿਆ ਦੀ ਸੁਪਰਹਿੱਟ ਜੋੜੀ ਨੂੰ ਬਚਪਨ ਵਿੱਚ ਸੁਣ ਕੇ ਗਾਉਂਦੀ ਰਹੀ ਹਾਂ । ਉੰਨਾ ਨੇ ਆਪਣੀ ਗੌਰਵਮਈ ਗੀਤਾ ਦੀ ਝਲਕ ਦਿਖਾਈ ਹੈ । ਮੁੱਖ ਮਹਿਮਾਨ ਸਤਿਕਾਰਯੋਗ ਸ਼੍ਰੀ ਨੇਤਾ ਜੀ ਸੌਂਧੀ ਨੇ ਇਸ ਮਹਾਨ ਗਾਇਕਾ ਰਣਜੀਤ ਕੌਰ ਜੀ ਦੇ ਚਰਨ ਬੰਦਨਾ ਕਰਕੇ ਸਤਿਕਾਰ ਸਹਿਤ ਨਿਵਾਜਿਆ ਹੈ । ਉੰਨਾ ਨੇ ਆਪਣੇ ਭਾਸ਼ਣ ਵਿੱਚ ਇਸ ਮਯਾਨਾਜ ਧੰਨਤੰਤਰ ਗਾਇਕਾ ਨੂੰ ਪੰਜਾਬੀ ਸੰਗੀਤ ਵਿੱਚ ਪ੍ਰਮਾਤਮਾ ਵਲੋ ਭੇਜਿਆ ਵਰਦਾਨ ਕਹਿ ਕੇ ਸਤਿਕਾਰ ਸਹਿਤ ਨਿਵਾਜਿਆ ਹੈ । ਇਸ ਮੌਕੇ ਤੇ ਸਾਹਿਤਕਾਰ ਅਤੇ ਗੀਤਕਾਰ ਸਤਿਕਾਰਯੋਗ ਸ੍ਰ. ਹਰਦਿਆਲ ਸਿੰਘ ਥੂਹੀ ਜੀ ਵਲੋ ਮਾਰਕੀਟ ਵਿੱਚ ਆਈਆ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਈ ਗਈ ਹੈ । ਇਸ ਬੁੱਧੀਜੀਵੀ ਵਿਦਵਾਨ ਨੇ ਸ਼੍ਰੀ ਚਾਂਦੀ ਰਾਮ ਚਾਂਦੀ ਜੀ ਦੀ ਜੀਵਨੀ ਦੀ ਪੁਸਤਕ ਨੂੰ ਪਾਠਕਾ ਦੇ ਰੂਬਰੂ ਕਰਨ ਤੇ ਮੰਚ ਵਲੋ ਵਿਸ਼ੇਸ਼ ਸਨਮਾਨ ਪੁਰਸਕਾਰ ਭੇਟ ਕੀਤਾ ਹੈ । ਇਸ ਦੇ ਨਾਲ ਹੀ ਅਣਥੱਕ ਮਿਹਨਤ ਅਤੇ ਸਾਫ ਸੁਥਰੀ ਕਲਮ ਦੇ ਧਨੀ ਗੀਤਕਾਰ ਅਤੇ ਸੰਪਾਦਕ ਵਿਰਸੇ ਦੇ ਵਾਰਿਸ ਆਨ ਲਾਈਨ ਨਿਊਜ ਪੇਪਰ ਵਾਲੇ ਸ਼੍ਰੀ ਗੋਰਾ ਢੇਸੀ ਦਾ ਵੀ ਸ਼ਿਰਕਤ ਕਰਨ ਤੇ ਵਿਸ਼ੇਸ਼ ਸਨਮਾਨ ਪੁਰਸਕਾਰ ਭੇਟ ਕੀਤਾ ਹੈ । ਇਹ ਸਮਾਗਮ ਉਸ ਵਕਤ ਹੋਰ ਵੀ ਗੌਰਵਮਈ ਹੋ ਗਿਆ ਜਦੋ ਉਸਤਾਦ ਸ਼੍ਰੀ ਚਾਂਦੀ ਰਾਮ ਚਾਂਦੀ ਦੇ ਸਪੁੱਤਰ ਸ਼੍ਰੀ ਸੰਜੀਵ ਚਾਂਦੀ ਅਤੇ ਨੋਹ ਰਾਣੀ ਬਰਸੀ ਅਵਸਰ ਤੇ ਪਧਾਰੇ ਸਨ । ਸਭ ਨੇ ਉੰਨਾ ਦਾ ਹਾਰਦਿਕ ਅਤੇ ਨਿੱਘਾ ਸਵਾਗਤ ਕੀਤਾ ਗਿਆ ਹੈ । ਇਸ ਹਰਦਿਲ ਅਜੀਜ ਜੋੜੀ ਦਾ ਮੰਚ ਵਲੋ ਵਿਸ਼ੇਸ਼ ਸਨਮਾਨ ਕੀਤਾ ਗਿਆ ਹੈ । ਦੁਆਬੇ ਦੇ ਮੇਲਿਆ ਦੇ ਗੌਰਵਮਈ ਹਸਤੀ ਸਤਿਕਾਰਯੋਗ ਸ਼੍ਰੀ. ਗੁਰਬਖਸ਼ ਸਿੰਘ ਸੂਬਾ ਜਿਲਾ ਜੰਗਲਾਤ ਅਫਸਰ ਜਲੰਧਰ ਆਪਣੇ ਕੁੜਮ ਕਬੀਲੇ ਨਾਲ ਵਿਸ਼ੇਸ਼ ਤੌਰ ਸ਼ਿਕਰਤ ਕਰਨ ਲਈ ਪੁਹੰਚੇ ਹਨ । ਮੰਚ ਵਲੋ ਉੰਨਾ ਸਭ ਦਾ ਵਡੇਰਾ ਮਾਣਮੱਤਾ ਸਨਮਾਨ ਕੀਤਾ ਹੈ । ਸਤਿਕਾਰਯੋਗ ਠੇਕੇਦਾਰ ਰਾਜ ਕੁਮਾਰ ਜੀ ਬਲਾਚੌਰ ਵਾਲੇ ਸਮਾਜ ਸੇਵੀ ਆਪਣੇ ਪ੍ਰੀਵਾਰ ਸਮੇਤ ਦਰਸ਼ਨ ਦੇਣ ਲਈ ਪੁਹੰਚੇ। ਉਸ ਸਮੇ ਮਹੌਲ ਵਿਆਕਲ ਅਤੇ ਨਮ ਹੋ ਗਿਆ ਜਦੋ ਸਭਿਆਚਾਰ ਦੇ ਸੀਨੀਅਰ ਪ੍ਰਤੀਨਿਧੀ ਸ਼੍ਰੀ ਸੁਰਿੰਦਰ ਸੇਠੀ ਨੇ ਕਿਹਾ ਮੈ ਹੁਣ ਮੈ ਉਮਰ ਦਰਾਜ ਅਤੇ ਬਿਮਾਰੀ ਦਾ ਝੰਬਿਆ ਹੋਇਆ ਹਾਂ । ਮੇਰਾ ਕੋਈ ਪਤਾ ਨਹੀ ਕਿ ਮੈ ਅਗਲੇ ਸਾਲ ਤੁਹਾਡੇ ਦਰਮਿਆਨ ਹੋਵਾ ਜਾ ਨਾ , ਪਰ ਵਾਅਦਾ ਕਰੋ ਇਹ ਮੇਲਾ ਤੁਸੀ ਹੋਰ ਉੱਚੀਆ ਬੁਲੰਦੀਆਂ ਤੱਕ ਲੈ ਜਾਵੋਗੇ । ਉਸਤਾਦ ਚਾਂਦੀ ਰਾਮ ਜੀ ਦੇ ਸ਼ਗਿਰਦ ਭਾਈ ਰੌਸ਼ਨ ਸਾਗਰ ਨੇ ਮੰਚ ਤੇ ਸ਼੍ਰੀ ਸੇਠੀ ਦੀ ਤੰਦਰੁਸਤੀ ਦੀ ਕਾਮਨਾ ਕਰਨ ਲਈ ਸਭ ਨੂੰ ਬੇਨਤੀ ਕੀਤੀ । ਮੰਚ ਵਲੋ ਸਭ ਦਾ ਵਡੇਰਾ ਸੁਆਗਤ ਅਤੇ ਵਿਸ਼ੇਸ਼ ਸਨਮਾਨ ਕੀਤਾ ਹੈ । ਇਸ ਮਯਨਾਜ ਧਨੰਤਰ ਗਵਈਏ ਦੀ ਬਰਸੀ ਨੂੰ ਲੋਕ ਗਾਇਕ ਸੁਖ ਚਮਕੀਲਾ , ਲੋਕ ਗਾਇਕ ਜਸਵੀਰ ਜੱਸ ਅਤੇ ਭਾਈ ਰੌਸ਼ਨ ਸਾਗਰ ਇਸ ਬਰਸੀ ਵਿੱਚ ਸਹਿਯੋਗ ਕਰਨ ਵਿੱਚ ਨਜ਼ਰ ਆਏ ਹਨ । ਇਹ ਸਮੇ ਮੰਚ ਸੰਚਾਲਕ ਸ੍ਰ. ਗੁਰਮੇਲ ਸਿੰਘ ਮੇਲ ਸਿਆੜ ਨੇ ਵਾਖੂਵੀ ਸ਼ਬਦਾਂ ਦੇ ਨਗ ਜੜ ਕੇ ਕੀਤਾ ਹੈ । ਉਸਤਾਦ ਚਾਂਦੀ ਰਾਮ ਚਾਦੀ ਜੀ ਦੇ ਸ਼ਗਿਰਦਾਂ ਨੇ ਆਪਣੇ ਮੁਰਸ਼ਦ ਨੂੰ ਗੀਤ ਗਾ ਕੇ ਸ਼ਰਧਾਂਜਲੀ ਭੇਟ ਕੀਤੀ ਹੈ । ਉੰਨਾ ਦੇ ਸ਼ਗਿਰਦ ਲੋਕ ਗਾਇਕ ਪਾਲ ਪੰਜਾਬੀ ਨੇ ਗੀਤ ਗਾ ਕੇ ਕਈਆ ਨੂੰ ਨਮ ਕਰ ਦਿਤਾ ਸੀ । ਦੇਸ਼ ਵਿਦੇਸ਼ ਵਿੱਚ ਵਸਦੇ ਸਭਿਆਚਾਰਕ ਪ੍ਰਤੀਨਿਧੀਆ , ਪਰੇਮੀਆ ਅਤੇ ਪੰਜਾਬੀ ਸੰਗੀਤ ਪਰੇਮੀਆ ਦੇ ਲਈ ਇਸ ਮਹਾਨ ਫੰਕਾਰ ਦੀ ਬਰਸੀ ਦਾ ਸਮਾਗਮ ਆਪ ਸਭ ਲਾਇਵ ਆਪਣੇ ਘਰ ਵਿੱਚ " ਮਹਾਂ ਪੰਜਾਬ ਚੈਨਲ " ਤੋ ਦੇਖ ਸਕਦੇ ਹੋ । ਇਹ ਦਿਨ ਭਾਵੇ ਮੀਂਹ ਪੈਦਾ ਰਿਹਾ ਪਰ ਪੰਜਾਬੀ ਭਵੱਨ ਦੇ ਹਾਲ ਅੰਦਰ ਸਭਿਆਚਾਰਕ , ਸਾਹਿਤਕ ਪ੍ਰੋਗਰਾਮ ਅਤੇ ਲੰਗਰ ਨਿਰਵਿਘਨ ਨਿਰੰਤਰ ਚਲਦਾ ਰਿਹਾ ਹੈ । ਅਮਿੱਟ ਪੈੜਾ ਛੱਡਦਾ ਹੋਇਆ ਇਹ ਸ਼ਾਨਦਾਰ ਸਮਾਗਮ ਸਮਾਪਤ ਹੋਇਆ ਹੈ । ਰੱਬ ਰਾਖਾ ।